# ਧੀਰੂ ਭਾਈ ਅੰਬਾਨੀ ਤੋਂ ਲੈ ਕੇ ਮੁਕੇਸ਼ ਅੰਬਾਨੀ ਦੇ ਪੁੱਤਰ ਦੇ ਵਿਆਹ ਤੱਕ

**-ਅਜੀਤ ਕੌਰ**

ਅੱਜ ਮੁਕੇਸ਼ ਅੰਬਾਨੀ ਦੇ ਪੁੱਤਰ ਦੇ ਵਿਆਹ ਦੇ ਤਿਉਹਾਰ, ਪਾਰਟੀਆਂ, ਮੁੰਬਈ ਵਿਚ ਤੇ ਵਿਦੇਸ਼ਾਂ ਵਿਚ, ਹਜ਼ਾਰਾਂ ਦੋਸਤਾਂ ਨਾਲ ਮਨਾਏ ਜਾ ਰਹੇ ਹਨ। ਇਨ੍ਹਾਂ ਦੋਸਤਾਂ ਵਿਚ ਬਾਲੀਵੁੱਡ ਦੇ ਸਿਤਾਰੇ, ਕਰੋੜਪਤੀ ਕਾਰੋਬਾਰੀਆਂ ਦੇ ਟੱਬਰ, ਰਾਜਨੀਤਕ ਆਗੂ, ਰਿਸ਼ਤੇਦਾਰ ਸਭ ਸ਼ਾਮਿਲ ਨੇ।

ਏ ਹੁਣੇ ਟੀ.ਵੀ. 'ਤੇ ਕਿਹਾ ਜਾ ਰਿਹਾ ਸੀ ਕਿ ਢਾਈ ਹਜ਼ਾਰ ਕਿਸਮਾਂ ਦੇ ਖਾਣੇ ਪਰੋਸੇ ਗਏ।

ਏ ਮੈਨੂੰ ਯਾਦ ਆ ਗਈ ਸਾਲਾਂ ਪਹਿਲੋਂ ਹੋਈ ਮੇਰੀ ਮੁਲਾਕਾਤ, ਮੁਕੇਸ਼ ਅੰਬਾਨੀ ਦੇ ਬੀਬੇ ਜਿਹੇ ਪਿਤਾ ਧੀਰੂ ਭਾਈ ਅੰਬਾਨੀ ਨਾਲ।

ਏ ਬੜਾ ਚਿਰ ਹੋਇਆ....

***

ਏ ਹੋਇਆ ਇੰਜ ਕਿ ਮੈਂ ਯੂ.ਐਸ.ਆਈ.ਐਸ., ਯਾਨੀ ਅਮਰੀਕਨ ਸਫ਼ਾਰਤਖਾਨੇ ਦੇ ਵਿਭਾਗ ਲਈ ਪੰਜਾਬੀ ਵਿਚ ਤਰਜਮੇ ਵੀ ਕਰਦੀ ਸਾਂ ਤੇ ਆਰਟੀਕਲ ਵੀ ਲਿਖਦੀ ਸਾਂ। ਖ਼ਾਸ ਕਰਕੇ ਪੁਰਾਣੇ ਕਲਾਸਿਕ ਆਈਕਾਨ ਲੇਖਕਾਂ ਬਾਰੇ।

ਪੰਜਾਬੀ ਵਿਭਾਗ ਦੇ ਡਾਇਰੈਕਟਰ ਸਨ ਹਰਬੰਸ ਸਿੰਘ ਨੂਰ, ਉਹ ਉਚੇਚੇ ਤੌਰ 'ਤੇ ਲੱਭ-ਲੱਭ ਕੇ ਕੰਮ ਮੈਨੂੰ ਦਿੰਦੇ ਰਹਿੰਦੇ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਮੈਂ ਆਪਣੀਆਂ ਬੱਚੀਆਂ ਨੂੰ ਸ਼ਿਮਲੇ ਦੇ 'ਆਕਲੈਂਡ ਹਾਊਸ' ਸਕੂਲ ਵਿਚ ਪੜ੍ਹਾ ਰਹੀ ਸਾਂ ਤੇ ਮੇਰੀ ਤਨਖਾਹ ਥੋੜ੍ਹੀ ਜਿਹੀ ਸੀ। ਅਮਰੀਕਨ ਸਫ਼ਾਰਤਖਾਨੇ ਤੋਂ ਮਿਲਦੇ ਕੰਮ ਨਾਲ ਹੀ ਗੁਜ਼ਾਰਾ ਹੁੰਦਾ ਸੀ।

ਏ ਹੋਇਆ ਇਹ ਕਿ ਵੀਅਤਨਾਮ ਜੰਗ ਵਧਦੀ ਚਲੀ ਗਈ। ਅਮਰੀਕਨਾਂ ਦਾ ਖਿਆਲ ਸੀ, ਬਸ ਜਾਵਾਂਗੇ, ਡਰਾਵਾਂਗੇ ਤੇ ਜਿੱਤ ਕੇ ਵਾਪਸ ਮੁੜ ਆਵਾਂਗੇ। ਪਰ ਅੱਗੇ ਬੈਠੇ ਸਨ ਵੀਅਤਨਾਮ ਦੇ ਸਿਰਲੱਥ ਸੂਰਮੇ। ਆਪਣੇ ਮੁਲਕ ਵਾਸਤੇ ਜਾਨਾਂ ਵਾਰਨ ਵਾਲੇ। ਉਨ੍ਹਾਂ ਨੇ ਅਮਰੀਕਨਾਂ ਦੀ ਅੱਡੀ ਨਹੀਂ ਲੱਗਣ ਦਿੱਤੀ।

ਏ ਜੰਗ ਲੰਮੀ ਹੁੰਦੀ ਗਈ।

ਏ ਬਿਲੀਅਨਾਂ ਦੇ ਬਿਲੀਅਨ ਡਾਲਰ ਤਾਂ ਖਰਚ ਹੋ ਹੀ ਰਹੇ ਸਨ, ਅਮਰੀਕਨ ਜਵਾਨ ਗਾਜਰਾਂ-ਮੂਲੀਆਂ ਵਾਂਗੂੰ ਮਾਰੇ ਜਾ ਰਹੇ ਸਨ।

ਏ ਆਖ਼ਰਾਕਰ ਅਮਰੀਕਾ ਤੋਂ ਸਫ਼ਾਰਤਖਾਨੇ ਨੂੰ ਹੁਕਮ ਆ ਗਿਆ ਕਿ ਸਾਰੇ ਵਾਧੂ ਕੰਮ ਬੰਦ ਕਰ ਦਿਓ। ਪੈਸੇ ਬਚਾਓ।

ਏ ਸੋ ਮੇਰਾ ਕੰਮ ਵੀ ਬੰਦ ਹੋ ਗਿਆ।

ਨੂਰ ਸਾਹਿਬ ਨੇ ਕਿਹਾ, 'ਮੈਂ ਤੇ ਮੇਰੀ ਬੀਵੀ ਤੇਰੀ ਮਦਦ ਕਰਾਂਗੇ, ਤੂੰ ਸੋਵੀਅਤ ਯੂਨੀਅਨ ਤੇ ਸੋਵੀਅਤ ਯੂਨੀਅਨ ਦੇ ਸਾਥੀ ਸੱਤ ਮੁਲਕਾਂ ਦਾ ਇਕ ਜਰਨਲ ਕੱਢ। ਉਹਦੇ ਵਿਚ ਹਿੰਦੁਸਤਾਨ ਨਾਲ ਇਨ੍ਹਾਂ ਸੱਤ ਮੁਲਕਾਂ ਦੇ ਹੁੰਦੇ ਵਪਾਰ ਬਾਰੇ ਜਾਣਕਾਰੀ ਹੋਵੇਗੀ। ਇਥੋਂ ਲੱਖਾਂ ਬੰਦੇ, 'ਕੰਜ਼ਿਊਮਰ ਗੁਡਜ਼' ਭੇਜਦੇ ਨੇ ਇਨ੍ਹਾਂ ਮੁਲਕਾਂ ਨੂੰ, ਖਾਸ ਕਰਕੇ ਰੂਸ ਨੂੰ, ਪਰ ਹਰ ਸਾਲ ਜਿਹੜੇ ਫਾਇਦੇ ਹੁੰਦੇ ਨੇ ਹਿੰਦੁਸਤਾਨ ਵਿਚ ਤੇ ਇਨ੍ਹਾਂ ਮੁਲਕਾਂ ਵਿਚ, ਉਹਦੀ ਖ਼ਬਰ ਇਨ੍ਹਾਂ ਵਪਾਰੀਆਂ ਨੂੰ ਨਹੀਂ ਮਿਲਦੀ।

ਏ ਨੂਰ ਸਾਹਿਬ ਨੇ ਕਿਹਾ, 'ਮੈਗਜ਼ੀਨ ਦਾ ਨਾਂਅ ਰਖਨੇ ਆਂ, 'ਰੂਪੀ ਟ੍ਰੇਡ' ਕਿਉਂਕਿ ਆਜ਼ਾਦੀ ਮਿਲਣ ਤੋਂ ਮਗਰੋਂ ਅੰਗਰੇਜ਼ ਸਾਨੂੰ ਇਕ ਉੱਜੜਿਆ ਹੋਇਆ ਮੁਲਕ ਬਣਾ ਕੇ ਛੱਡ ਗਏ ਸਨ। ਸਾਡੇ ਕੋਲ ਬਾਹਰੋਂ ਮਸ਼ੀਨਾਂ ਤੇ ਹੋਰ ਸਮਾਨ ਮੰਗਵਾਉਣ ਲਈ ਡਾਲਰ ਕੋਈ ਨਹੀਂ ਸਨ। ਸਾਰੇ ਮੁਲਕਾਂ ਵਿਚ ਸਾਰਾ ਵਪਾਰ ਡਾਲਰਾਂ ਨਾਲ ਹੀ ਹੁੰਦਾ ਸੀ। ਜਵਾਹਰ ਲਾਲ ਨਹਿਰੂ ਵੱਡੇ ਕਾਰਖਾਨੇ ਬਣਾਉਣੇ ਚਾਹੁੰਦਾ ਸੀ, ਵੱਡੇ ਡੈਮ ਬਣਾਉਣੇ ਚਾਹੁੰਦਾ ਸੀ, ਬਿਜਲੀ ਪੈਦਾ ਕਰਨ ਲਈ। ਪੱਲੇ ਧੇਲਾ ਨਹੀਂ ਸੀ।

ਏ ਫਿਰ ਉਹਨੇ ਸੋਵੀਅਤ ਯੂਨੀਅਨ ਨਾਲ ਮੁਆਹਿਦਾ ਕੀਤਾ ਕਿ ਤੁਸੀਂ ਸਾਨੂੰ ਮਸ਼ੀਨਰੀ ਦਿਓ, ਮਸ਼ੀਨਰੀ ਚਲਾਉਣ ਵਾਲੇ ਇੰਜੀਨੀਅਰ ਦਿਓ, ਆ ਕੇ ਸਾਡੇ ਵੱਡੇ ਕਾਰਖਾਨੇ ਬਣਾ ਦਿਓ, ਬਿਜਲੀ ਪੈਦਾ ਕਰਨ ਵਾਲੇ ਡੈਮ ਬਣਾ ਦਿਓ। ਉਹਦੀ ਕੀਮਤ ਅਸੀਂ ਰੁਪਈਆਂ ਵਿਚ ਚੁਕਾਵਾਂਗੇ, ਡਾਲਰਾਂ ਵਿਚ ਨਹੀਂ। ਉਹ ਰੁਪਈਏ ਤੁਸੀਂ ਸਾਡੇ ਸਰਕਾਰੀ ਬੈਂਕ ਵਿਚ ਜਮ੍ਹਾਂ ਰੱਖੋ ਤੇ ਉਨ੍ਹਾਂ ਪੈਸਿਆਂ ਨਾਲ ਆਪਣੇ ਮੁਲਕ ਦੀਆਂ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਦੀਆਂ ਚੀਜ਼ਾਂ ਖਰੀਦੋ।

ਏ ਉਦੋਂ ਸੋਵੀਅਤ ਯੂਨੀਅਨ ਦਾ ਧਿਆਨ ਹਥਿਆਰ ਪੈਦਾ ਕਰਨ ਦੀ ਦੌੜ ਵਿਚ ਸੀ ਤੇ ਉਤੇ ਚੰਨ ਉਤੇ ਪਹੁੰਚਣ ਵੱਲ ਸੀ, ਰੋਜ਼ਾਨਾ ਜ਼ਰੂਰਤ ਦੀਆਂ, ਲੋੜ ਦੀਆਂ ਚੀਜ਼ਾਂ ਘੱਟ-ਵੱਧ ਹੀ ਬਣਾਉਂਦੇ ਸਨ।

ਏ ਸੋ, ਹਿੰਦੁਸਤਾਨ ਤੋਂ ਜੁੱਤੀਆਂ ਤੋਂ ਲੈ ਕੇ ਸਵੈਟਰਾਂ ਤੱਕ, ਰੈਡੀਮੇਡ ਕੱਪੜਿਆਂ ਤੋਂ ਲੈ ਕੇ ਪਾਨ ਸੁਪਾਰੀ ਤੱਕ, ਲਾਖ ਤੋਂ ਲੈ ਕੇ ਤੰਬਾਕੂ ਤੱਕ, ਸਾਈਕਲਾਂ ਤੋਂ ਲੈ ਕੇ ਖਿਡੌਣਿਆਂ ਤੱਕ, ਸਭ ਕੁਝ ਸੋਵੀਅਤ ਯੂਨੀਅਨ ਤੇ ਸੱਤ ਈਸਟ (ਪੂਰਬੀ) ਯੂਰਪੀਅਨ ਮੁਲਕਾਂ ਨੂੰ ਜਾਣ ਲੱਗਾ।

ਏ ਇਨ੍ਹਾਂ ਸੱਤਾਂ ਮੁਲਕਾਂ ਵਿਚ ਹਿੰਦੁਸਤਾਨ ਦੀ ਸਰਕਾਰ ਵਪਾਰਕ ਮੇਲੇ ਲਾਉਂਦੀ। ਹਰ ਮੁਲਕ ਵਿਚ, ਹਰ ਸਾਲ, ਇਕ ਵਾਰੀ ਜ਼ਰੂਰ।
ਏ ਮੇਰਾ 'ਰੂਪੀ ਟ੍ਰੇਡ' ਜਦੋਂ ਜ਼ਰਾ ਪੈਰਾਂ 'ਤੇ ਖੜ੍ਹਾ ਹੋ ਗਿਆ, ਮੈਂ ਸੋਚਿਆ ਏਡੇ ਵੱਡੇ ਮੇਲੇ ਕਰਦੀ ਏ ਸਾਡੀ ਸਰਕਾਰ। ਉਥੇ ਅੰਗਰੇਜ਼ੀ ਛਾਪ ਕੇ ਸਭ ਕੁਝ ਲੈ ਜਾਂਦੇ ਨੇ। ਜਿਨ੍ਹਾਂ ਮੁਲਕਾਂ ਦੇ ਅੰਬੈਸਡਰ ਨੂੰ ਅੰਗਰੇਜ਼ੀ ਨਹੀਂ ਆਉਂਦੀ, ਉਨ੍ਹਾਂ ਮੁਲਕਾਂ ਦੇ ਆਮ ਲੋਕੀਂ ਕੀ ਖ਼ਾਕ ਸਮਝਣਗੇ ਅੰਗਰੇਜ਼ੀ।
ਏ ਜਿਸ ਮੁਲਕ ਵਿਚ ਵੀ ਮੇਲਾ ਹੋਵੇ, ਉਸੇ ਮੁਲਕ ਦੀ ਬੋਲੀ ਵਿਚ ਛਾਪਣਾ ਚਾਹੀਦਾ ਏ, ਆਪਣੀਆਂ ਚੀਜ਼ਾਂ ਬਾਰੇ ਜਿਹੜੀਆਂ ਮੇਲੇ ਦੀ ਨੁਮਾਇਸ਼ ਵਿਚ ਲੱਗੀਆਂ ਹੋਣ।
***
ਏ ਉਦੋਂ ਮਨਿਸਟਰ ਹੁੰਦੇ ਸਨ ਲਲਿਤ ਨਾਰਾਇਣ ਮਿਸ਼ਰਾ। ਉਨ੍ਹਾਂ ਦੇ ਬੜੇ ਜ਼ਹੀਨ ਸੈਕਰੇਟਰੀ ਸਨ 'ਆਸਿਦ ਹੁਸੈਨ' (ਜਿਹੜੇ ਰਿਟਾਇਰ ਹੋ ਕੇ ਸਾਡੀ ਅਕੈਡਮੀ ਦੇ ਵਾਈਸ ਪ੍ਰੈਜ਼ੀਡੈਂਟ ਬਣੇ) ਤੇ ਡਾਇਰੈਕਟਰ ਹੁੰਦੇ ਸਨ ਯੂ.ਸੀ. ਤਿਵਾਰੀ।
ਏ ਮਾਸਕੋ ਵਿਚ 'ਟ੍ਰੇਡ ਫੇਅਰ' ਯਾਨੀ ਵਪਾਰ ਮੇਲਾ ਹੋਣ ਵਾਲਾ ਸੀ। ਹਿੰਦੁਸਤਾਨ ਨੇ ਤਾਂ ਜ਼ਰੂਰੀ ਹਿੱਸਾ ਲੈਣਾ ਹੀ ਸੀ ਉਹਦੇ ਵਿਚ। ਮੈਨੂੰ ਸੁੱਝਿਆ ਕਿਉਂ ਨਾ 'ਰੂਪੀ ਟ੍ਰੇਡ' ਦਾ ਪਰਚਾ ਰੂਸੀ ਜ਼ਬਾਨ ਵਿਚ ਕੱਢਿਆ ਜਾਵੇ, ਜਿਹਦੀਆਂ ਕਾਪੀਆਂ ਮਨਿਸਟਰੀ ਮਾਸਕੋ ਲੈ ਜਾਵੇ। ਕਮ-ਅਜ਼-ਕਮ ਉਥੋਂ ਦੇ ਲੋਕਾਂ ਨੂੰ ਸਮਝ ਤਾਂ ਪਵੇ ਕਿ ਅਸੀਂ ਕੀ-ਕੀ ਚੀਜ਼ਾਂ ਲੈ ਕੇ ਆਏ ਹਾਂ ਉਨ੍ਹਾਂ ਨੂੰ ਵਿਖਾਉਣ ਲਈ ਮੇਲੇ ਵਿਚ।
ਏ ਇਹ ਕੰਮ ਸਰਕਾਰ ਹੀ ਕਰ ਸਕਦੀ ਸੀ। ਵੱਡਾ ਕੰਮ ਸੀ। ਪਹਿਲਾਂ ਰਸ਼ੀਅਨ ਵਿਚ ਤਰਜਮੇ ਕਰਵਾਏ, ਫਿਰ ਹਰ ਸਫੇ ਦੇ ਬਲਾਕ ਬਣਵਾਏ, ਫਿਰ ਛਾਪਣਾ ਤੇ 500 ਕਾਪੀਆਂ ਮਨਿਸਟਰੀ ਦੇ ਹਵਾਲੇ ਕਰਨੀਆਂ ਕਿ ਉਹ ਮਾਸਕੋ ਲੈ ਜਾਣ।
ਏ ਮੈਂ ਡਾਇਰੈਕਟਰ ਯੂ.ਸੀ. ਤਿਵਾਰੀ ਨੂੰ ਮਿਲੀ। ਇਸ ਤੋਂ ਪਹਿਲਾਂ ਸਿਰਫ਼ ਇਕ ਵਾਰੀ ਮਿਲੀ ਸਾਂ ਕਿ ਮਨਿਸਟਰ ਸਾਹਿਬ ਦਾ ਕੋਈ ਆਰਟੀਕਲ ਜੇ ਹੋਵੇ, 'ਈਸਟ ਯੂਰਪੀਅਨ' ਮੁਲਕਾਂ ਬਾਰੇ, ਤਾਂ ਅਸੀਂ ਛਾਪ ਸਕਦੇ ਆਂ, 'ਰੂਪੀ ਟ੍ਰੇਡ' ਵਿਚ।
ਏ ਮੈਂ ਜਾ ਕੇ ਤਿਵਾਰੀ ਨੂੰ ਆਪਣੀ ਸਕੀਮ ਦੱਸੀ, ਤੇ ਕਿਹਾ ਕੰਮ ਕਰਨ ਨੂੰ ਮੈਂ ਤਿਆਰ ਹਾਂ। ਪਰ ਪੈਸੇ ਤੁਸੀਂ ਖਰਚਣੇ ਨੇ। ਮੈਂ ਸਾਰੇ ਐਸਟੀਮੇਟ ਲੋਕਾਂ ਕੋਲੋਂ ਬਣਵਾ ਕੇ ਤੁਹਾਨੂੰ ਦੇ ਦੇਨੀ ਆਂ, ਤੁਸੀਂ ਉਨ੍ਹਾਂ ਨੂੰ ਪੇਮੈਂਟ ਕਰ ਦਿਓ। ਮੈਨੂੰ ਮੇਰਾ ਮਿਹਨਤਾਨਾ ਦੇ ਦੇਣਾ, ਮਗਰੋਂ, ਕੋਈ ਪੰਜਾਹ ਕੁ ਹਜ਼ਾਰ। ਇਹਦੇ ਵਿਚ ਮੇਰੇ ਦਫ਼ਤਰ ਦਾ ਖਰਚਾ, ਮੇਰੀ ਆਪਣੀ ਮਿਹਨਤ ਤੇ ਵਕਤ ਤੇ ਮੇਰੀ ਗੱਡੀ ਦਾ ਪੈਟਰੋਲ ਤੇ ਡਰਾਈਵਰ ਦੀ ਤਨਖਾਹ ਸ਼ਾਮਿਲ ਹੋਣਗੇ। ਜੇ ਬਚੇ, ਤਾਂ ਮੈਨੂੰ ਵੀਹ ਕੁ ਹਜ਼ਾਰ ਬਚ ਜਾਣਗੇ। ਡੇਢ ਦੋ ਮਹੀਨਿਆਂ ਦੀ ਮੇਰੀ ਮਜ਼ਦੂਰੀ ਸਿਰਫ਼ ਵੀਹ ਕੁ ਹਜ਼ਾਰ।
ਏ ਉਹਨੇ ਜਾ ਕੇ ਸੈਕਰੇਟਰੀ ਨਾਲ ਗੱਲ ਕੀਤੀ। ਆਬਿਦ ਹੁਸੈਨ ਸਾਹਿਬ ਨਾਲ। ਫਿਰ ਆ ਕੇ ਮੈਨੂੰ ਵੀ ਲੈ ਗਿਆ ਉਨ੍ਹਾਂ ਦੇ ਕਮਰੇ ਵਿਚ। ਉਹ ਖੜੇ ਕੇ ਬੜੇ ਤਪਾਕ ਨਾਲ ਮਿਲੇ। ਉਨ੍ਹਾਂ ਦੀਆਂ ਅੱਖਾਂ ਵਿਚ ਮੇਰੇ ਵਾਸਤੇ ਸ਼ਰਧਾ ਸੀ। ਇਹਤਰਾਮ ਸੀ। ਬਹੁਤ ਸ਼ਰੀਫ਼ ਸਨ ਉਨ੍ਹਾਂ ਦੀਆਂ ਅੱਖਾਂ। ਪੈਂਟ ਦੇ ਉਤੇ ਉਨ੍ਹਾਂ ਕੋਟ ਦੀ ਥਾਵੇਂ ਰੰਗ-ਬਰੰਗੇ ਸਿਲਕ ਦੀ ਛੋਟੀ ਕੁੜਤੀ ਪਾਈ ਹੋਈ ਸੀ। ਮੈਨੂੰ ਬਿਠਾਇਆ। ਚਾਹ-ਕੌਫ਼ੀ ਲਈ ਪੁੱਛਿਆ। ਲਿਜਾ ਕੇ ਮਹਿਮਾਨਾਂ ਵਾਲੇ ਸੋਫ਼ੇ 'ਤੇ ਬਿਠਾਇਆ।
ਏ ਆਬਿਦ ਹੁਸੈਨ, ਤਿਵਾਰੀ ਤੇ ਮੈਂ।
ਏ ਤੇ ਐਡਾ ਵੱਡਾ ਮਸਲਾ। ਪਹਿਲੀ ਵਾਰੀ ਉਨ੍ਹਾਂ ਦੇ ਸਾਹਮਣੇ ਪੇਸ਼ ਆ ਰਿਹਾ ਮਸਲਾ।
ਏ ਆਬਿਦ ਹੁਸੈਨ ਕਹਿਣ ਲੱਗੇ, 'ਸਾਨੂੰ ਤੇ ਉਹੀ ਪੈਸੇ ਖਰਚ ਕਰਨ ਦੀ ਇਜਾਜ਼ਤ ਹੁੰਦੀ ਏ, ਜਿਹੜੇ ਸਾਲ ਦੇ ਸ਼ੁਰੂ ਵਿਚ, ਬਜਟ ਵਿਚ ਪਾਸ ਹੋਏ ਹੋਣ। ਪੈਸਿਆਂ ਵਾਸਤੇ ਇਹ ਕਰਦੇ ਆਂ ਕਿ ਜਿਹੜੀਆਂ ਚਿੱਠੀਆਂ ਅਸੀਂ ਲੋਕਾਂ ਨੂੰ ਭੇਜਦੇ ਹਾਂ ਕਿ ਮੇਲੇ ਵਿਚ ਸਟਾਲ ਲੈ ਕੇ, ਆਪਣੀਆਂ ਚੀਜ਼ਾਂ ਦੀ ਨੁਮਾਇਸ਼ ਕਰੋ, ਉਹਦੇ ਵਿਚ ਵੀ ਲਿਖ ਦਿਆਂ ਕਰਾਂਗੇ ਕਿ ਜੇ ਖੁਦ ਸਟਾਲ ਨਾ ਲਾ ਸਕੋ ਤਾਂ ਆਪਣਾ ਇਸ਼ਤਿਹਾਰ 'ਰੂਪੀ ਟ੍ਰੇਡ' ਵਿਚ ਦੇ ਦਿਓ, ਤੁਹਾਡਾ ਇਸ਼ਤਿਹਾਰ ਰੂਸੀ ਜ਼ਬਾਨ ਵਿਚ ਤਰਜਮਾ ਹੋ ਕੇ ਛਪ ਜਾਵੇਗਾ। ਮੇਲੇ ਵਿਚ ਆਉਣ ਵਾਲੇ ਲੋਕਾਂ ਨੂੰ ਉਹਦੀ ਕਾਪੀ ਮਿਲ ਜਾਵੇਗੀ। ਉਨ੍ਹਾਂ ਨੂੰ ਤੁਹਾਡੇ ਬਾਰੇ ਪਤਾ ਲੱਗ ਜਾਵੇਗਾ।
ਏ ਮੈਂ ਕਿਹਾ, 'ਇਹ ਤਾਂ ਜੂਆ ਖੇਡਣ ਵਾਲੀ ਗੱਲ ਏ। ਜੇ ਕਾਫ਼ੀ ਇਸ਼ਤਿਹਾਰ ਨਾ ਆਏ ਤਾਂ ਮੈਂ ਤਾਂ ਫਸ ਗਈ ਨਾ।'
ਏ ਆਬਿਦ ਹੁਸੈਨ ਸੋਚਣ ਲੱਗੇ। ਤਿਵਾਰੀ ਨੇ ਕਿਹਾ, ਉਸ ਹਾਲਤ ਵਿਚ ਅਸੀਂ 'ਪਬਲਿਕ ਸੈਕਟਰ ਅੰਡਰਟੇਕਿੰਗਾਂ' ਕੋਲੋਂ ਇਸ਼ਤਿਹਾਰ ਲੈ ਕੇ ਦੇ ਸਕਦੇ ਹਾਂ।
ਏ ਆਬਿਦ ਹੁਸੈਨ, ਤਿਵਾਰੀ ਦੀ ਤਜਵੀਜ਼ 'ਤੇ ਖ਼ੁਸ਼ ਹੋ ਗਏ।
ਏ ਮੈਂ ਜੀਅ-ਭਿਆਣੀ ਜਿਹੀ ਉਠ ਆਈ। ਮੈਨੂੰ ਨਹੀਂ ਸੀ ਪਤਾ ਕਿ ਮੈਂ ਠੀਕ ਕੀਤਾ ਸੀ ਜਾਂ ਗ਼ਲਤ। ਇਹਦੇ ਵਿਚ ਖਰਚ ਬਹੁਤ ਆਉਣਾ ਸੀ ਤੇ ਕੀ ਪਤਾ ਮੇਰੇ ਨਾਲ ਕੀ ਬਣਨਾ ਸੀ।

****
ਮਨਿਸਟਰੀ ਦੀ ਉਹ ਚਿੱਠੀ ਧੀਰੂ ਭਾਈ ਅੰਬਾਨੀ ਨੂੰ ਵੀ ਮਿਲੀ। ਉਦੋਂ ਉਹ ਨਕਲੀ ਰੇਸ਼ਮ ਬਣਾਉਂਦੇ ਸਨ, ਜਿਸ ਨੂੰ 'ਰੇਓਨ' ਕਹਿੰਦੇ ਸਨ, ਯਾਨੀ ਐਕਰਿਲਿਕ।
ਏ ਜਿੰਨੀਆਂ ਚੀਜ਼ਾਂ ਵੀ ਹਿੰਦੁਸਤਾਨ ਤੋਂ 'ਐਕਸੋਪਰਟ' ਹੁੰਦੀਆਂ ਸਨ, ਉਨ੍ਹਾਂ ਦੀਆਂ ਵਪਾਰ ਮਨਿਸਟਰ ਨੇ 'ਐਕਸਪੋਰਟ ਪਰਮੋਸ਼ਨ ਕੌਂਸਲਾਂ' ਬਣਾਈਆਂ ਹੋਈਆਂ ਸਨ।
'ਸਿਲਕ ਐਂਡ ਰੇਓਨ ਐਕਸਪੋਰਟ ਪ੍ਰੋਮੋਸ਼ਨ ਕੌਂਸਲ' ਵੀ ਸੀ ਮੁੰਬਈ ਵਿਚ। ਉਹਦੇ ਸਭ ਤੋਂ ਵੱਡੇ ਅਫਸਰ ਸਨ ਡੀ.ਪੀ. ਧਵਨ। ਧੀਰੂ ਭਾਈ ਅੰਬਾਨੀ ਉਨ੍ਹਾਂ ਨੂੰ ਕਹਿੰਦੇ ਰਹਿੰਦੇ ਸਨ ਕਿ ਉਹ ਉਨ੍ਹਾਂ ਦਾ 'ਨਕਲੀ ਰੇਸ਼ਮ' ਬਾਹਰਲੇ ਮੁਲਕਾਂ ਵਿਚ ਵੇਚਣ ਵਿਚ ਉਹਦੀ ਮਦਦ ਕਰਨ ਤੇ ਉਹ ਕਰਦੇ ਵੀ ਸਨ। ਉਨ੍ਹਾਂ ਨੂੰ ਧੀਰੂ ਭਾਈ ਚੰਗਾ ਲਗਦਾ ਸੀ। ਸ਼ਰੀਫ਼ ਤੇ ਸਾਊ ਤੇ ਦਿਨ ਰਾਤ ਕੰਮ ਕਰਨ ਵਾਲਾ।
ਮਨਿਸਟਰੀ ਦੀ ਚਿੱਠੀ ਜਦੋਂ ਧੀਰੂ ਭਾਈ ਨੂੰ ਮਿਲੀ, ਉਨ੍ਹਾਂ ਧਵਨ ਸਾਹਿਬ ਨਾਲ ਸਲਾਹ ਕੀਤੀ। ਧਵਨ ਸਾਹਿਬ ਨੇ ਕਿਹਾ, 'ਸਟਾਲ ਲੈ ਲਵੋ, ਬੜਾ ਵੱਡਾ ਮੇਲਾ ਏ ਤੇ ਜਿਹੜੀ ਚੀਜ਼ ਵੀ ਰੂਸੀਆਂ ਨੂੰ ਪਸੰਦ ਆ ਜਾਵੇ ਉਹ ਕਰੋੜਾਂ ਅਰਬਾਂ ਦੀ ਖਰੀਦ ਲੈਂਦੇ ਨੇ। ਵੱਡਾ ਮੁਲਕ ਏ।'
ਏ ਧੀਰੂ ਭਾਈ ਨੇ ਕਿਹਾ, 'ਸਟਾਲ ਜੋਗੇ ਤਾਂ ਪੈਸੇ ਹੈ ਨਹੀਂ। ਫਿਰ ਦੋ ਸੌ ਬੰਦੇ ਵੀ ਤਾਂ ਭੇਜਣੇ ਪੈਣਗੇ। ਏਨੇ ਪੈਸੇ ਕਿੱਥੇ ਨੇ?'
ਏ ਧਵਨ ਸਾਹਿਬ ਨੇ ਕਿਹਾ, 'ਫਿਰ ਇਸ਼ਤਿਹਾਰ ਦੇ ਦਿਓ, ਉਸ ਮੈਗਜ਼ੀਨ ਵਿਚ, ਰੂਸੀ ਜ਼ਬਾਨ ਵਿਚ ਛਪ ਜਾਵੇਗਾ।
ਏ ਦੋ-ਚਹੁੰ ਦਿਨਾਂ ਬਾਅਦ ਧੀਰੂ ਭਾਈ ਨੇ ਧਵਨ ਸਾਹਿਬ ਨੂੰ ਕਿਹਾ, 'ਮੇਰੇ ਮਨ ਵਿਚ ਇਕ ਸਕੀਮ ਏ, ਜੇ ਤੁਸੀਂ 'ਰੂਪੀ ਟ੍ਰੇਡ' ਦੇ ਕਿਸੇ ਬੰਦੇ ਨੂੰ ਦਿੱਲੀਓਂ ਬੁਲਾ ਦਿਓ, ਤਾਂ ਡਿਸਕਸ ਕਰ ਲੈਨੇ ਆਂ ਉਹਦੇ ਨਾਲ।'
ਏ ਧਵਨ ਸਾਹਿਬ ਨੇ ਕਿਹਾ, 'ਬੁਲਾ ਦੇਨਾਂ।'
ਏ ਮੈਨੂੰ ਫੋਨ ਕੀਤਾ ਕਿ ਫੌਰਨ ਮੁੰਬਈ ਪਹੁੰਚ ਜਾਓ। ਇਕ ਤਾਂ ਧੀਰੂ ਭਾਈ ਹੈ ਹੀ, ਦੋ-ਚਾਰ ਇਸ਼ਤਿਹਾਰ ਮੈਂ ਹੋਰ ਇਕੱਠੇ ਕਰ ਦਿਆਂਗਾ। ਸਾਡਾ ਦਫ਼ਤਰ ਵੀ ਇਸ਼ਤਿਹਾਰ ਦੇਵੇਗਾ। ਮੁੰਬਈ ਆਉਣ ਦੀ ਮਿਹਨਤ ਫਜ਼ੂਲ ਨਹੀਂ ਜਾਵੇਗੀ।
ਏ ਪਤਾ ਕੀਤਾ। ਗੱਡੀ ਵਿਚ ਸੀਟ ਨਹੀਂ ਸੀ। ਕਿਸੇ ਨੇ ਦੱਸਿਆ ਕਿ ਇਕ ਹਵਾਈ ਜਹਾਜ਼ ਰਾਤ ਵੇਲੇ ਡਾਕ ਲੈ ਕੇ ਜਾਂਦਾ ਏ। ਇਥੇ ਦਿੱਲੀਓਂ ਰਾਤੀਂ ਜਾਂਦਾ ਏ। ਫਿਰ ਨਾਗਪੁਰ ਤਿੰਨ ਘੰਟੇ ਰੁਕ ਕੇ ਡਾਕ ਦੀ ਛੰਟਾਈ ਹੁੰਦੀ ਏ। ਸਵੇਰ ਹੋਣ ਤੋਂ ਪਹਿਲੋਂ-ਪਹਿਲੋਂ ਬੰਬਈ। ਕਿਰਾਇਆ ਢਾਈ ਸੌ ਰੁਪਏ।
ਏ ਢਾਈ ਸੌ ਰੁਪਏ ਖਰਚ ਕੇ ਮੈਂ ਬੰਬਈ ਪਹੁੰਚ ਗਈ।
ਏ ਬੰਬਈ ਵਿਚ ਮੈਂ ਹਮੇਸ਼ਾ 'ਵਾਈ, ਡਬਲਿਊ.ਸੀ.ਏ.' ਵਿਚ ਠਹਿਰਦੀ ਸਾਂ। ਹਰ ਕਮਰੇ ਵਿਚ ਚਾਰ ਮੰਜੇ ਹੁੰਦੇ ਸਨ ਤੇ ਕਿਰਾਇਆ ਵੀਹ ਰੁਪਏ ਰੋਜ਼। ਮੰਜੇ ਬਿਸਤਰੇ ਤੋਂ ਇਲਾਵਾ ਰੋਟੀ ਵਗੈਰਾ ਵੀ ਉਥੇ ਹੀ ਮਿਲਦੀ ਸੀ। ਵੀਹ ਰੁਪਈਆਂ ਵਿਚ ਸ਼ਾਮਿਲ ਹੁੰਦੀ ਸੀ।
ਏ ਜਾ ਕੇ ਆਪਣਾ ਨਿਕਚੂ ਜਿਹਾ ਬੈਗ ਅਲਾਟ ਹੋਏ ਮੰਜੇ 'ਤੇ ਰੱਖਿਆ ਤੇ ਨਹਾ ਕੇ, ਨਾਸ਼ਤਾ ਕਰਕੇ, ਧਵਨ ਸਾਹਿਬ ਦੇ ਦਫਤਰ ਪਹੁੰਚ ਗਈ।
ਏ ਉਨ੍ਹਾਂ ਮੈਨੂੰ ਸਮਝਾ ਦਿੱਤਾ ਕਿ ਧੀਰੂ ਭਾਈ ਬੜਾ ਸ਼ਰੀਫ਼ ਬੰਦਾ ਏ। ਵਪਾਰ ਕਰਦਾ ਏ। ਪਰ ਛੋਟਾ ਵਪਾਰੀ ਏ। ਵਿਚਾਰਾ। ਉਹ 'ਰੂਪੀ ਟ੍ਰੇਡ' ਦੇ ਮਾਸਕੋ ਵਾਲੇ ਪਰਚੇ ਬਾਰੇ ਤੇਰੇ ਲਈ ਕੋਈ ਜ਼ਰੂਰੀ ਗੱਲ ਕਰਨਾ ਚਾਹੁੰਦਾ ਏ।
ਏ ਉਨ੍ਹਾਂ ਮੈਨੂੰ ਆਪਣੇ ਡਾਇਰੈਕਟਰ ਨਾਲ ਆਪਣੀ ਕਾਰ ਵਿਚ ਧੀਰੂ ਭਾਈ ਦੇ ਦਫਤਰ ਭੇਜ ਦਿੱਤਾ।
****
ਏ ਧੋਬੀ ਤਲਾਓ
ਏ ਖੱਬੇ ਹੱਥ ਇਕ ਮੈਲੀ ਜਿਹੀ, ਫਟੇ ਹਾਲ ਬਿਲਡਿੰਗ।
ਏ ਪੌੜੀਆਂ ਚੜ੍ਹ ਕੇ ਅਸੀਂ ਉਤੇ ਪਹੁੰਚੇ।
ਏ ਬੂਹਾ ਖੋਲ੍ਹਿਆ।
ਏ ਇਕ ਛੋਟਾ ਜਿਹਾ ਹਾਲ। ਸੱਜੇ ਹੱਥ ਦੇ ਪਰਲੇ ਕੋਨੇ ਵਿਚ ਇਕ ਕੈਬਿਨ।
ਕੈਬਿਨ ਦੇ ਬਾਹਰ ਬੈਠਾ ਬੰਦਾ ਸ਼ਾਇਦ ਧੀਰੂ ਭਾਈ ਦਾ ਸੈਕਰੇਟਰੀ ਸੀ। ਉਹਦੇ ਸਿਰ ਦੇ ਪਿਛਲੇ ਪਾਸੇ ਇਕ ਵੱਡਾ ਸਾਰਾ ਚੌਕੋਰ ਗੰਜ ਸੀ। ਇਹੋ ਜਿਹਾ ਗੰਜਾ ਸਿਰ ਮੈਂ ਸਾਰੀ ਦੁਨੀਆ ਵਿਚ ਕਿਧਰੇ ਨਹੀਂ ਵੇਖਿਆ। ਲੋਕਾਂ ਦੇ ਸਿਰਾਂ ਦੇ ਪਿਛੇ ਯਾਨੀ ਮਰਦਾਂ ਦੇ ਸਿਰਾਂ ਦੇ ਪਿੱਛੇ ਗੋਲ ਗੰਜ ਹੁੰਦਾ ਏ। ਇਹ ਵੱਡਾ ਸਾਰਾ ਚੌਕੋਰ ਗੰਜ ਸੀ। ਅਜੀਬੋ-ਗ਼ਰੀਬ ਗੰਜ।

ੲ ਉਸ ਬੰਦੇ ਦਾ ਨਾਂਅ ਸੀ 'ਦੇਸਾਈ'।
ੲ ਬਾਕੀ ਦੇ ਹਾਲ ਵਿਚ ਤਿੰਨ-ਚਾਰ ਟਾਈਪਿਸਟ ਬੈਠੇ ਸਨ।
ੲ ਦੇਸਾਈ ਮੈਨੂੰ ਧੀਰੂ ਭਾਈ ਦੇ ਕੈਬਿਨ ਵਿਚ ਲੈ ਗਿਆ।
ੲ ਧੀਰੂ ਭਾਈ ਕੁਰਸੀ ਤੋਂ ਖੜ੍ਹਾ ਹੋ ਗਿਆ। ਹੱਥ ਜੋੜ ਕੇ ਉਹਨੇ ਮੇਰਾ ਖ਼ੈਰ-ਮਕਦਮ ਕੀਤਾ।
ੲ ਸਾਂਵਲਾ ਚਿਹਰਾ। ਗੋਲ-ਮਟੋਲ, ਪਰ ਮੋਟਾ ਨਹੀਂ। ਗੋਲ ਮੂੰਹ। ਸਾਊ ਤੇ ਸੁਨੱਖਾ। ਬੀਬਾ ਜਿਹਾ। ਵਿਚਾਰਾ ਜਿਹਾ। ਕਾਰੋਬਾਰੀ ਹੋਣ ਦੀ ਕੋਈ ਹੈਂਕੜ ਨਹੀਂ। ਮੈਨੂੰ ਚੰਗਾ ਲੱਗਾ ਉਹ ਬੰਦਾ, ਸਾਊ ਜਿਹਾ।
ੲ ਉਹਨੇ ਕਿਹਾ, 'ਮੈਂ ਸੋਚਨਾਂ, ਇਹ ਹੋ ਸਕਦਾ ਏ ਕਿ ਸਾਡੇ ਕੱਪੜਿਆਂ ਦੀਆਂ ਕਤਰਨਾਂ, ਤੁਹਾਡੇ ਸਫੇ ਦੇ ਸਾਈਜ਼ ਦੀਆਂ ਹੀ, ਤੁਹਾਡੇ ਮੈਗਜ਼ੀਨ ਵਿਚ ਚਿਪਕਾ ਦਿੱਤੀਆਂ ਜਾਣ?'
ੲ ਮੈਂ ਸੋਚਣ ਲੱਗੀ 'ਹੋ ਸਕਦਾ ਏ? ਕੱਪੜੇ ਦੀਆਂ ਕਤਰਨਾਂ ਕਾਗਜ਼ਾਂ ਉਤੇ ਚਿਪਕਾਣੀਆਂ? ਚਿਪਕ ਜਾਣਗੀਆਂ?
ੲ 'ਕਿੰਨੀਆਂ ਕਤਰਨਾਂ?' ਮੈਂ ਪੁੱਛਿਆ।
ੲ 'ਦਸ' ਉਹਨੇ ਕਿਹਾ।
ੲ 'ਬਸ, ਕਾਗਜ਼ ਉਤੇ ਚਿਪਕਾਈ ਜਾਣੀਆਂ ਨੇ?'
ਕਹਿਣ ਲੱਗਾ, 'ਨਹੀਂ, ਪਹਿਲੋਂ ਹੇਠਾਂ ਸਾਡਾ ਇਸ਼ਤਿਹਾਰ ਛਪੇਗਾ ਤੇ ਉਤੇ ਕਤਰਨ ਚਿਪਕੇਗੀ। ਦਸ ਕਤਰਨਾਂ ਤੋਂ ਪਹਿਲੋਂ ਇਕ ਸਫਾ ਸਾਡੇ ਇਸ਼ਤਿਹਾਰ ਦਾ ਛਪੇਗਾ। ਸੋ ਕੁੱਲ ਗਿਆਰਾਂ ਸਫ਼ੇ ਤਾਂ ਛਪਣਗੇ, ਤੇ ਦਸ ਸਫਿਆਂ ਉਤੇ ਕਤਰਨਾਂ ਚਿਪਕ ਜਾਣਗੀਆਂ।'
ੲ ਉਹ ਜਿਹਨੇ ਕਦੇ ਕੋਈ ਚੀਜ਼ ਛਾਪੀ ਨਹੀਂ ਸੀ, ਜਿਸ ਨੂੰ ਨਾ ਕਿਤਾਬ ਦਾ ਪਤਾ ਸੀ, ਨਾ ਮੈਗਜ਼ੀਨ ਦਾ, ਕਿ ਕਿਸ ਤਰ੍ਹਾਂ ਛਪਦੇ ਨੇ, ਉਹਦੇ ਦਿਮਾਗ ਵਿਚ ਸਭ ਕੁਝ ਸਾਫ਼ ਸਫ਼ਾਫ਼ ਸੀ।
ੲ ਕਿਸ ਤਰ੍ਹਾਂ? ਮੈਂ ਉਹਦੀ ਲਿਆਕਤ 'ਤੇ ਹੈਰਾਨ ਸਾਂ।
ੲ ...ਤੇ ਅਸੀਂ ਪੈਸੇ ਦਿਆਂਗੇ ਇਕ ਲੱਖ। ਕਾਗਜ਼ ਦੇ, ਤਰਜਮਾ ਕਰਨ ਦੇ, ਬਲਾਕ ਬਣਾਉਣ ਦੇ, ਛਪਾਈ ਦੇ, ਕਤਰਨਾਂ ਚਿਪਕਾਉਣ ਦੇ, ਤੁਹਾਡੇ ਸਾਰੇ ਖਰਚਿਆਂ ਦੇ।'
ੲ 'ਤੇ ਮੇਰੀ ਤਕਲੀਫ਼ ਦੇ?'
ੲ 'ਉਹਦੇ ਬਦਲੇ ਮੇਰੀ ਦੋਸਤੀ ਹਾਜ਼ਰ ਏ। ਤੁਸੀਂ ਮੈਨੂੰ ਆਪਣਾ ਭਰਾ ਸਮਝ ਲਓ।'
ੲ 'ਉਹ ਤਾਂ ਧਵਨ ਸਾਹਿਬ ਨੇ ਵੀ ਮੈਨੂੰ ਆਪਣੀ ਭੈਣ ਬਣਾਇਆ ਹੋਇਆ ਏ।'
ੲ 'ਕਤਰਨਾਂ ਦੇ ਡੱਬੇ ਲੈ ਕੇ ਮੇਰਾ ਬੰਦਾ ਤੁਹਾਡੇ ਕੋਲ ਪਰਸੋਂ ਤੱਕ ਪਹੁੰਚ ਜਾਵੇਗਾ। ਤੇ ਇਸ਼ਤਿਹਾਰ ਇਹ ਵੇ', ਉਹਨੇ ਇਕ ਕਾਗਜ਼ ਮੈਨੂੰ ਫੜਾ ਦਿੱਤਾ।
ੲ 'ਤੇ ਲਿਖਤੀ ਆਰਡਰ?'
ੲ ਉਹ ਹੱਸ ਪਿਆ, 'ਉਹ ਵੀ ਮੈਂ ਕਤਰਨਾਂ ਦੇ ਨਾਲ ਹੀ ਭੇਜ ਦਿਆਂਗਾ। ਚਿੰਤਾ ਕਿਉਂ ਕਰਦੇ ਹੋ? ਭਰਾ 'ਤੇ ਵਿਸ਼ਵਾਸ ਰੱਖੋ।'
ੲ ਮੀਟਿੰਗ ਖ਼ਤਮ।
ੲ ਉਹ ਮੈਨੂੰ ਦਰਵਾਜ਼ੇ ਤੱਕ ਛੱਡਣ ਆਇਆ।
ਦੇਸਾਈ ਨੂੰ ਕਿਹਾ, 'ਕਾਰ ਤੱਕ ਛੱਡ ਕੇ ਆ।'
ਧਵਨ ਸਾਹਿਬ ਦਾ ਸੈਕਰੇਟਰੀ ਤੇ ਮੈਂ ਅਸੀਂ ਦੋਵੇਂ ਧਵਨ ਸਾਹਿਬ ਦੇ ਦਫ਼ਤਰ ਪਹੁੰਚ ਗਏ।
ੲ ਸਹੀ ਗੱਲ ਦੱਸੀ।
ੲ ਧਵਨ ਸਾਹਿਬ ਨੇ ਕਿਹਾ, 'ਕੰਮ ਹੈ ਤਾਂ ਕਾਫੀ ਮੁਸ਼ਕਿਲ, ਪਰ ਮੈਨੂੰ ਯਕੀਨ ਏ ਤੁਸੀਂ ਕਰ ਲਵੋਗੇ।'
*****
ੲ ਕਤਰਨਾਂ ਦੇ ਭਾਰੀ ਭਰਕਮ ਡੱਬੇ ਪਹੁੰਚ ਗਏ।
ੲ ਇਸ਼ਤਿਹਾਰ ਦਾ ਤਰਜਮਾ ਹੋ ਗਿਆ।
ੲ ਬਲਾਕ ਬਣ ਗਿਆ।
ੲ ਹੋਰਨਾਂ ਲੋਕਾਂ ਦੇ ਇਸ਼ਤਿਹਾਰਾਂ ਦੇ ਵੀ ਬਲਾਕ ਬਣ ਗਏ।
ੲ ਤਰਜਮਾ ਕੀਤੇ ਹਰ ਸਫੇ ਦਾ, ਇਸ਼ਤਿਹਾਰ ਵਾਲੇ ਹਰ ਸਫੇ ਦਾ ਬਲਾਕ ਬਣਦਾ ਸੀ। ਪੂਰੇ ਮੈਗਜ਼ੀਨ ਦੇ ਬਲਾਕ ਖੋਤੇ ਦਾ ਲੱਦ ਸਨ।

ੲ ਖ਼ੈਰ ਬਾਕੀ ਸਭ ਕੁਝ ਤਾਂ ਹੋਣਾ ਹੀ ਸੀ, ਹੁੰਦਾ ਚਲਾ ਗਿਆ ਪਰ ਪਰਚਾ ਜਿਸ ਵੇਲੇ ਛਪ ਗਿਆ, ਤੇ ਜਿਲਦਸਾਜ਼ ਕੋਲ ਪਹੁੰਚ ਗਿਆ, ਮੁਸੀਬਤ ਉਦੋਂ ਸ਼ੁਰੂ ਹੋਈ।

ੲ ਘੁਰਨੇ ਵਰਗੀ ਸੀ ਥਾਂ ਸੀ ਜਿਲਦਸਾਜ਼ ਦੀ। ਕਾਗਜ਼ ਦੀਆਂ ਕਤਰਨਾਂ ਕੱਟਣ ਵਾਲੀ ਤੇ ਕਾਗਜ਼ 'ਤੇ ਸੁਹਣਿਆਂ ਕਰਨ ਦੀ ਮਸ਼ੀਨ ਤੇ ਹੋਰ ਕਈ ਕੁਝ ਪਿਆ ਸੀ। ਉਥੇ ਹੀ ਮੈਂ ਤੇ ਮੇਰਾ ਵਿਚਾਰਾ ਕੁਬੜਾ ਚਪੜਾਸੀ ਜਗਦੀਸ਼ ਤੇ ਦਫਤਰ ਵਿਚ ਕੰਮ ਕਰਨ ਵਾਲਾ ਸੇਠੀ ਤੇ ਸ਼ਕਤੀ ਪ੍ਰੈੱਸ ਜਿਸ ਵਿਚ 'ਰੂਪੀ ਟ੍ਰੇਡ' ਛਪਦਾ ਸੀ, ਦੇ ਤਕਰੀਬਨ ਸਾਰੇ ਬੰਦੇ, ਭੁੰਜੇ ਬਹਿ ਕੇ ਕਾਗਜ਼ ਉਤੇ ਕਤਰਨਾਂ ਚਿਪਕਾਉਂਦੇ। ਪਤਾ ਨਹੀਂ ਦਸ ਦਿਨ ਲੱਗੇ ਕਿ ਬਾਰਾਂ ਦਿਨ। ਦਸ-ਦਸ ਕਤਰਨਾ ਪੰਜ  ਸੌ ਕਾਪੀਆਂ ਵਿਚ ਚਿਪਕ ਗਈਆਂ। ਜਿਲਦ ਬੰਨ੍ਹ ਕੇ, ਵੱਡੇ ਬਕਸੇ ਬਣਾ ਕੇ ਮਨਿਸਟਰੀ ਦੇ ਹਵਾਲੇ ਕੀਤੇ ਗਏ।

ੲ ਸਾਰਿਆਂ ਨੂੰ ਪੈਸੇ ਦੇ ਕੇ, ਰੋਟੀਆਂ ਖੁਆ ਕੇ, ਖੁਦ ਸਾਰਾ-ਸਾਰਾ ਦਿਨ, ਸਾਰੀ-ਸਾਰੀ ਰਾਤ ਮੁਸ਼ੱਕਤ ਕਰਕੇ ਅਸਾਂ ਧੀਰੂ ਭਾਈ ਅੰਬਾਨੀ ਦਾ ਕੰਮ ਪੂਰਾ ਕੀਤਾ।

****

ੲ ਉਥੇ, ਮਾਸਕੋ ਵਿਚ ਸਿਰਫ਼ ਇਕ ਅਦਾਰਾ ਸੀ, ਜਿਹੜਾ ਸਾਰੀਆਂ ਖਰੀਦਦਾਰੀਆਂ ਕਰਦਾ ਸੀ। ਉਹਦਾ ਨਾਂਅ ਸੀ 'ਰੈਜ਼ਨੋਐਕਸਪੋਰਟ'। ਉਸ ਅਦਾਰੇ ਦੀ ਸਭ ਤੋਂ ਵੱਡੀ ਚੌਧਰਾਣੀ ਇਕ ਮੋਟੀ ਠੁੱਲ੍ਹੀ ਔਰਤ ਸੀ, ਜਿਹੜੀ ਸਾਰੀਆਂ ਖਰੀਦਦਾਰੀਆਂ ਦੇ ਫ਼ੈਸਲੇ ਕਰਦੀ ਸੀ। ਉਹਨੂੰ ਇਹ ਰੇਸ਼ਮੀ ਕੱਪੜੇ ਬੜੇ ਪਸੰਦ ਆਏ। ਉਹਨੇ ਕਰੋੜਾਂ-ਕਰੋੜਾਂ ਮੀਟਰ ਕੱਪੜਿਆਂ ਦਾ ਆਰਡਰ ਧੀਰੂ ਭਾਈ ਨੂੰ ਭਿਜਵਾ ਦਿੱਤਾ।

ੲ ਇਹ ਧੀਰੂ ਭਾਈ ਅੰਬਾਨੀ ਦੀ ਪਹਿਲੀ ਕਰਾਮਾਤੀ ਕਮਾਈ ਸੀ। ਅਰਬਾਂ ਰੁਪਈਆਂ ਵਿਚ ਫੈਲੀ।

ੲ ਉਨ੍ਹਾਂ ਪੈਸਿਆਂ ਨਾਲ ਉਹਨੇ ਫੈਕਟਰੀਆਂ ਲਗਾਈਆਂ। ਵੱਡੇ ਦਫ਼ਤਰ ਵਿਚ ਸ਼ਿਫਟ ਹੋ ਗਿਆ। ਅਮਲਾ ਫੈਲਾ ਖਿਲਰ ਗਿਆ ਤੇ ਉਹਨੇ ਧਵਨ ਸਾਹਿਬ ਨੂੰ ਵੀ ਘਰ ਬੁਲਾ ਕੇ, ਰੋਟੀ ਖੁਆ ਕੇ, ਖੁਸ਼ ਕਰ ਦਿੱਤਾ।

ੲ ਅਜੀਤ ਕੌਰ ਨੂੰ, ਯਾਨੀ ਮੈਨੂੰ ਇਕ ਨਿੱਕੀ ਜਿਹੀ ਚਿੱਠੀ ਵੀ ਨਹੀਂ ਭੇਜੀ, ਸ਼ੁਕਰਾਨੇ ਦੀ।

ੲ ਤੇ ਅੱਜ ਵੇਖੋ, ਧੀਰੂ ਭਾਈ ਅੰਬਾਨੀ ਦੀ ਓਸ ਪਹਿਲੀ ਵੱਡੀ ਕਮਾਈ ਦੀਆਂ ਫੈਲੀਆਂ ਜੜ੍ਹਾਂ ਵਿਚੋਂ ਉਗੇ ਭਰਪੂਰ ਰੁੱਖਾਂ ਵਿਚੋਂ ਝਰਦੇ ਸ਼ਹਿਨਸ਼ਾਹੀ ਫਲ! ਬਹਿਸ਼ਤੀ ਫਲ ਉਸ ਦੇ ਪੋਤਰੇ ਦੇ ਵਿਆਹ ਦੀਆਂ ਰੌਣਕਾਂ ਤੇ ਮਹਿਫਿਲਾਂ ਪਿਛਲੇ ਇਕ-ਡੇਢ ਮਹੀਨੇ ਤੋਂ ਲਗਾਤਾਰ ਚੱਲ ਰਹੀਆਂ ਨੇ। ਹਜ਼ਾਰਾਂ ਲੋਕ ਸ਼ਿਰਕਤ ਕਰ ਰਹੇ ਨੇ। ਟੀ.ਵੀ. ਚੈਨਲ ਘੰਟਾ-ਘੰਟਾ ਭਰ ਉਨ੍ਹਾਂ ਰੌਣਕਾਂ ਦੇ ਪ੍ਰੋਗਰਾਮ ਟੈਲੀਕਾਸਟ ਕਰ ਰਹੇ ਨੇ।

ੲ ਮੁਲਕ ਦੀ ਹਕੂਮਤ ਅੱਜ ਅੰਬਾਨੀਆਂ ਤੇ ਉਨ੍ਹਾਂ ਦੇ ਸਾਥੀਆਂ, ਯਾਨੀ ਅਡਾਨੀਆ ਦੇ ਸਿਰ 'ਤੇ ਚਲਦੀ ਏ। ਮੁਲਕ ਦੀ ਹਕੂਮਤ ਵਿਚ ਧੀਰੂ ਭਾਈ ਅੰਬਾਨੀ ਦੇ ਬੱਚਿਆਂ ਦੀ ਸ਼ਾਨਦਾਰ ਤੇ ਮੁਕੰਮਲ ਹਿੱਸੇਦਾਰੀ ਏ।

ੲ ਧੋਬੀ ਤਲਾਓ ਦੇ ਸਾਹਮਣੇ ਵਾਲੀ ਖਸਤਾ ਬਿਲਡਿੰਗ ਦੇ ਇਕ ਕਮਰੇ ਵਿਚ ਸ਼ੁਰੂ ਹੋ ਕੇ ਉਹ ਮੁਲਕ 'ਤੇ ਹੀ ਨਹੀਂ, ਵਿਦੇਸ਼ਾਂ ਵਿਚ ਵੀ ਰਾਜ ਕਰ ਰਹੇ ਨੇ।

ੲ ਧੀਰੂ ਭਾਈ ਕਿਧਰੇ ਅਸਮਾਨਾਂ ਤੋਂ ਵੇਖ ਹੀ ਰਹੇ ਹੋਣਗੇ। ਹੋ ਸਕਦਾ ਏ, ਉਹ ਕਹਿ ਰਹੇ ਹੋਣ, 'ਥੈਂਕਯੂ ਅਜੀਤ ਕੌਰ, ਇਹਦੀ ਜੜ੍ਹ ਤੂੰ ਹੀ ਲਾਈ ਸੀ।' ੲ